# ਹਨੇਰੀ

ਹਨੇਰੀ-ਆਈ, ਬਈ ਹਨੇਰੀ-ਆਈ ॥
**Sarjinder** ਨੇ ਮੇਂਮ ਨਾਲ ਸਾਦੀ ਕਰਵਾਈ ॥

ਪਹਿਲਾ ਉਹਦੀ top ਤੇ ਫੇਰ Jean ਲਾਹੀ ॥
ਅਦਲੇ-ਬਦਲੇ ਕਮੀਜ ਤੇ ਸਲਵਾਰ ਪਵਾਈ ॥
ਚੁੰਨੀ ਨਾਲ ਘੁੰਡ ਕੱਢਣ ਦੀ practice ਕਰਵਾਈ ॥
ਪਾ ਕੇ ਨੱਕ ਚ' ਕੋਕਾ, ਬਿੰਦੀ ਮੱਥੇ ਤੇ ਟਿਕਾਈ ॥
ਫਿਰ ਪਹਿਲੀ ਫੇਰੀ India ਦੀ ਲਾਈ ॥
ਕੁਝ ਵੇਖ ਕੇ ਹੋਏ ਆਕੀ-ਬਾਕੀ, ਤੇ ਕੁਝ ਹੋਏ ਸਦਾਈ

ਹਨੇਰੀ-ਆਈ, ਬਈ ਹਨੇਰੀ-ਆਈ ॥
**Sarjinder** ਨੇ ਮੇਂਮ ਨਾਲ ਸਾਦੀ ਕਰਵਾਈ ॥

ਪੰਜਾਬੀ ਸੂਟ ਚ' ਇਦਾ ਲੱਗੇ,
ਜਿਵੇ ਅਕਾਸੋ ਪਰੀ ਉਤਰ ਆਈ ॥
ਗਈਆ ਦੋਨੋ ਤੀਆਂ ਚ' ਨਣਦ ਤੇ ਭਰਜਾਈ ॥
ਕਨੀ ਝੁਮਕੇ, ਬਾਹੀ ਚੂੜੀਆਂ, ਤੇ ਪੈਰੀ ਝਾਂਜਰ ਪਾਈ ॥
ਰੌਣਕ ਦੂਣੀ-ਚੌਣੀ ਹੋਈ,
ਤੇ ਮੱਚ ਗਈ ਦੁਹਾਈ ਹੀ ਦੁਹਾਈ ॥
ਜਦੋ ਮੇਂਮ ਨੇ ਦਿਤਾ ਗੇੜਾ, ਤੇ ਪਹਿਲੀ ਬੋਲੀ ਪਾਈ ॥

ਹਨੇਰੀ-ਆਈ, ਬਈ ਹਨੇਰੀ-ਆਈ ॥
**Sarjinder** ਨੇ ਮੇਂਮ ਨਾਲ ਸਾਦੀ ਕਰਵਾਈ ॥

ਕਈਆਂ ਦੇ ਹੋਸ ਉਡਗੇ, ਦੇਖ Sarjinder ਦੀ ਚੜ੍ਹਾਈ ॥
ਫਿਰਦਾ ਹੁਣ ਉੱਹ ਬਾਹ ਚ' ਬਾਹ ਪਾਈ ॥
ਕਈ ਦੋਸਤ ਪੁੱਛਣ, ਕਿਥੋ ਲਿਆਇਆ ਭਰਜਾਈ?
ਝੂਟੇ ਲੈ ਕੇ ਪੀਂਘ ਦੇ, ਮੇਂਮ ਵਾਪਸ ਵਤਨ ਆਪਣੇ ਆਈ ॥

ਹਨੇਰੀ-ਆਈ, ਬਈ ਹਨੇਰੀ-ਆਈ ॥
**Sarjinder** ਨੇ ਮੇਂਮ ਨਾਲ ਸਾਦੀ ਕਰਵਾਈ ॥

ਰੋਟੀ ਪਕਾਉਣ ਦੀ ਫਿਰ practice ਕਰਵਾਈ ॥
ਪਹਿਲੀ ਰੋਟੀ ਕੱਚੀ-ਪੱਕੀ ਜੋ ਮੇਂਮ ਨੇ ਬਣਾਈ ॥
ਬੜੇ ਚਾਅਵਾਂ ਨਾਲ Sarjinder ਨੇ ਬੈਠ ਕੇ ਖਾਈ ॥
ਮਾਂ ਦੀ ਵੀ ਬਹੁਤ ਯਾਦ ਆਈ ॥
ਜਿਸ ਤੋ ਸਿਖੀ ਸੀ ਰੋਟੀ ਖਾਣੀ, ਨਾਲ ਦੁਧ-ਮਲਾਈ ॥

ਹਨੇਰੀ-ਆਈ, ਬਈ ਹਨੇਰੀ-ਆਈ ॥
**Sarjinder** ਨੇ ਮੇਂਮ ਨਾਲ ਸਾਦੀ ਕਰਵਾਈ ॥

ਪਹਿਲਾ ਉਹ Vegetarian ਬਣਾਈ,
ਫਿਰ smoking ਤੋ ਹਟਾਈ ॥
ਹਰ ਹਫਤੇ ਗੁਰੂਦਵਾਰੇ ਜਾਣ ਲਾਈ ॥
ਸਾਰੇ ਖੁਸ ਹੋਏ, ਜਦੋ ਹੱਥ ਜੋੜ ਫਤਹਿ ਉਸ ਨੇ ਬਲਾਈ ॥
ਪਹਿਲਾ ਹੋਇਆ ਲੜਕਾ Michael Singh,
ਤੇ ਫਿਰ ਦੋਹਾ ਰਲਕੇ ਲੋਹੜੀ ਮਨਾਈ ॥

ਹਨੇਰੀ-ਆਈ, ਬਈ ਹਨੇਰੀ-ਆਈ ॥
**Sarjinder** ਨੇ ਮੇਂਮ ਨਾਲ ਸਾਦੀ ਕਰਵਾਈ ॥

ਅੱਠ-ਦਸ ਸਾਲ ਨਿਕਲੇ ਖੁਸੀ ਦੇ,
ਫਿਰ ਹੋ ਗਈ ਛੱਡ-ਛਡਾਈ ॥
ਔਖੀ ਘੱੜੀ ਫਿਰ ਵਿਚਾਰੇ Michael ਤੇ ਆਈ,
ਜੋ ਕਰਦਾ ਸੀ ਆਪਣੀ ਪੜ੍ਹਾਈ ॥
ਖੁਸ ਹੋਇਆ Sarjinder,
ਜਦੋ Michael ਨੇ Amy ਨਾਲ ਸਾਦੀ ਕਰਵਾਈ ॥
ਘਰ ‘ਚ ਫਿਰ ਇਕ ਵਾਰ ਰੌਣਕ ਆਈ ॥

ਹਨੇਰੀ-ਆਈ, ਬਈ ਹਨੇਰੀ-ਆਈ ॥
**Sarjinder** ਨੇ ਮੇਂਮ ਨਾਲ ਸਾਦੀ ਕਰਵਾਈ ॥

ਬੁਡਾ ਹੋਇਆ Sarjinder,
ਤੇ ਮੌਤ ਵੀ ਹੁਣ ਨੇੜੇ ਆਈ ॥
ਸਭ ਕਰਮਾ ਦੇ ਘਾਲੇ-ਮਾਲੇ,
ਫਿਰ ਮੁੜ ਕਦੇ India ਵੀ ਫੇਰੀ ਨਾ ਪਾਈ ॥
ਇੰਨੇ ਨੂੰ ਜੰਮਰਾਜ ਨੇ, Bell ਭੌਰ ਦੇ ਦਰਵਾਜੇ ਦੀ ਵਜਾਈ॥
ਚੱਕ ਲਉ-ਚੱਕ ਲਉ ਹੁਣ ਇਹਨੂੰ, ਕਹਿੰਦੇ ਚਾਰ ਭਾਈ ॥

ਹਨੇਰੀ-ਆਈ, ਬਈ ਹਨੇਰੀ-ਆਈ ॥
**Sarjinder** ਨੇ ਮੇਂਮ ਨਾਲ ਸਾਦੀ ਕਰਵਾਈ ॥

Archived at: www.geocities.com/new_punjabi_songs
Written by: Dr. Sarjinder Singh, Assistant Professor,
St. Cloud State University, St. Cloud, MN, USA
Note: All opinions are of author’s own.